**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ - ਸਟੇਟ ਪ੍ਰੋਜੈਕਟ ਡਾਇਰੈਕਟਰ**

**ਸਿੱਖਿਆ ਭਵਨ, ਫੇਜ਼-8, ਪੰਜਵੀਂ ਮੰਜ਼ਿਲ, ਬਲਾਕ ਈ ,ਐਸ.ਏ.ਐਸ ਨਗਰ, ਪੰਜਾਬ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ, ਐ.ਸਿੱ.),

ਪੰਜਾਬ ।

ਮੀਮੋ ਨੰ. ਸਸਅ/2026/ਐਮ.ਆਈ.ਐਸ/ਈ-ਪੰਜਾਬ/691585

ਮਿਤੀ: 04-04-2026

ਵਿਸ਼ਾ:- ਈ-ਪੰਜਾਬ ਪੋਰਟਲ (MIS 2.0) 'ਤੇ ਪ੍ਰੋਮੋਟ ਕੀਤੇ ਗਏ ਵਿਦਿਆਰਥੀਆਂ ਦੇ ਡਾਟਾ ਨੂੰ ਵੇਰੀਫਾਈ ਕਰਨ ਸੰਬੰਧੀ।

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।
2. ਈ-ਪੰਜਾਬ ਪੋਰਟਲ (MIS 2.0) https://mstar.epunjabschool.gov.in ਅਧੀਨ ਵਿਦਿਆਰਥੀਆਂ ਦੇ ਡਾਟਾ ਨੂੰ ਅਗਲੀ ਕਲਾਸ ਵਿੱਚ ਪ੍ਰਮੋਟ ਕਰ ਦਿਤਾ ਗਿਆ ਹੈ।
3. ਸਮੂਹ ਸਕੂਲਾਂ ਤੋਂ ਵਿਦਿਆਰਥੀਆਂ ਦੇ ਪ੍ਰੋਮੋਟ ਕੀਤੇ ਗਏ ਡਾਟਾ ਨੂੰ ਹੇਠ ਅਨੁਸਾਰ ਵੇਰੀਫਾਈ ਕਰਨਾ ਯਕੀਨੀ ਬਣਾਇਆ ਜਾਵੇ :

   A. ਪ੍ਰੋਮੋਟ ਕੀਤੇ ਗਏ ਵਿਦਿਆਰਥੀਆਂ ਦੀ ਕਲਾਸ ਅਤੇ ਸੈਕਸ਼ਨ ਨੂੰ ਜਾਂਚ ਲਿਆ ਜਾਵੇ ਅਤੇ ਜਰੂਰਤ ਅਨੁਸਾਰ ਸੋਧ ਕਰਵਾ ਲਈ ਜਾਵੇ।

   B. ਜੇਕਰ ਕਿਸੇ ਵਿਦਿਆਰਥੀ ਨੂੰ ਗਲਤੀ ਨਾਲ ਪ੍ਰੋਮੋਟ ਕਰ ਦਿੱਤਾ ਗਿਆ ਹੈ ਤਾਂ ਉਸ ਨੂੰ ਉਸ ਦੀ ਸਹੀ ਕਲਾਸ ਵਿਚ ਦਰਜ ਕੀਤਾ ਜਾਵੇ।

   C. ਪਿਛਲੇ ਅਕਾਦਮਿਕ ਸਾਲ ਦੀ ਸਭ ਤੋਂ ਵੱਡੀ ਕਲਾਸ (Higher Class) ਦੇ ਵਿਦਿਆਰਥੀਆਂ ਨੂੰ ਟ੍ਰਾਂਸਫਰ ਸਰਟੀਫਿਕੇਟ (TC) ਜਾਰੀ ਕਰਨ ਸੰਬੰਧੀ:
      - ਇਹ ਵਿਦਿਆਰਥੀ AY 2025–26 ਲਈ Student Personal Details ਸਕ੍ਰੀਨ ਵਿੱਚ 'Inactive' ਵਜੋਂ ਦਰਸਾਏ ਜਾਣਗੇ।
      - ਇਨ੍ਹਾਂ ਦੀ ਸਥਿਤੀ 'Pass Out' ਵਜੋਂ ਦਰਸਾਈ ਜਾਵੇਗੀ।
      - ਇਨ੍ਹਾਂ ਵਿਦਿਆਰਥੀਆਂ ਨੂੰ TC Generation ਸਕ੍ਰੀਨ ਤੋਂ TC ਜਾਰੀ ਕੀਤਾ ਜਾਵੇ।
      - TC ਜਾਰੀ ਕੀਤੇ ਵਿਦਿਆਰਥੀਆਂ ਨੂੰ ਲੋੜ ਅਨੁਸਾਰ ਉਹਨਾਂ ਦੇ ਵੱਲੋਂ ਜਿਸ ਸਕੂਲ ਵਿਚ ਦਾਖਲਾ ਲਿਆ ਗਿਆ ਹੈ, ਉਸ ਸਕੂਲ ਵੱਲੋਂ ਢੁਕਵੀਂ ਕਲਾਸ ਵਿੱਚ ਦਰਜ/ਅਪਡੇਟ ਕੀਤਾ ਜਾਵੇ।
      - ਸਾਲ 2026-27 ਲਈ ਸਾਰੇ ਨੀਵੀਂ ਕਲਾਸ (Lower Class) ਦੇ ਸ਼ੈਕਸਨ ਨਿਰਧਾਰਿਤ ਕੀਤੇ ਜਾਣ। ਇਸ ਤੋਂ ਇਲਾਵਾ ਲੋੜ ਅਨੁਸਾਰ ਕਲਾਸਾਂ ਦੇ ਨਵੇਂ ਸ਼ੈਕਸਨ ਬਣਾਏ ਜਾ ਸਕਦੇ ਹਨ।

   D. ਨਵੇਂ ਦਾਖਲੇ ਲਈ ਆਉਣ ਵਾਲੇ ਵਿਦਿਆਰਥੀਆਂ ਨੂੰ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਹੀ ਕਲਾਸ ਵਿਚ ਦਰਜ ਕੀਤਾ ਜਾਵੇ।

   E. ਉਕਤ ਤੋਂ ਇਲਾਵਾ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਸਕੂਲਾਂ ਵੱਲੋਂ ਯੂ-ਡਾਈਸ ਪੋਰਟਲ ਅਤੇ ਈ-ਪੰਜਾਬ ਪੋਰਟਲ ਉਤੇ Class From/Lower Class ਅਤੇ Class To/High Class ਵਿਚ ਫਰਕ ਹੈ। ਜਿਵੇਂ ਕਿ ਕਈ ਸਕੂਲਾਂ ਦੀ ਨੀਵੀਂ ਕਲਾਸ (Class From/Lower Class) ਨਰਸਰੀ ਹੈ ਜਦੋਂ ਕਿ ਈ-ਪੰਜਾਬ ਪੋਰਟਲ ਅਨੁਸਾਰ ਨੀਵੀਂ ਕਲਾਸ (Class From/Lower Class) LKG ਦਰਜ ਕੀਤੀ ਹੋਈ ਹੈ । ਸਕੂਲਾਂ ਵੱਲੋਂ ਅਜਿਹੀਆਂ ਅਸੰਗਤੀਆਂ (discrepencies) ਨੂੰ ਧਿਆਨ ਨਾਲ ਵੇਰੀਫਾਈ ਕਰਨ ਉਪਰੰਤ ਹੀ ਦਰਜ ਕੀਤਾ ਜਾਵੇ।

4. ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਾਰੇ ਸੰਬੰਧਤ ਅਧਿਕਾਰੀਆਂ ਅਤੇ ਸਕੂਲ ਮੁਖੀਆਂ ਵੱਲੋਂ ਉਪਰੋਕਤ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਹਦਾਇਤ ਜਾਵੇ ਅਤੇ ਉਪਰੋਕਤ ਗਤੀਵਿਧੀਆਂ ਨੂੰ ਮਿਤੀ 06/04/2026 ਤੱਕ ਮੁਕੰਮਲ ਕਰਨਾ ਯਕੀਨੀ ਬਣਾਉਂਦੇ ਹੋਏ ਰੋਜ਼ਾਨਾ ਇਹਨਾਂ ਗਤੀਵਿਧੀਆਂ ਦੀ ਪ੍ਰਗਤੀ (Progress) ਨੂੰ ਮੋਨਿਟਰ ਕਰਨ ਦੀ ਖੇਚਲ ਕੀਤੀ ਜਾਵੇ।

ਡਿਪਟੀ ਐਸ.ਪੀ.ਡੀ.(ਆਈ.ਸੀ.ਟੀ)

ਦਫ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :

1. ਜ਼ੋਨਲ/ਜਿਲ੍ਹਾ/ਬਲਾਕ ਐਮ.ਆਈ.ਐਸ. ਕੋਆਰਡੀਨੇਟਰ, ਪੰਜਾਬ ।